ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ
ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ ਐ.ਸਿ.)
ਸਮੂਹ ਸਕੂਲ ਮੁਖੀ/ਪ੍ਰਿੰਸੀਪਲ।
ਮੀਮੋ ਨੰ:6/6-2021 ਵਜੀਫਾ(2)/2023|58186
ਮਿਤੀ:-01-03-2023

**ਵਿਸ਼ਾ:-** **ਵਿਦਿਅਕ ਸ਼ੈਸਨ 2022-23 ਦੌਰਾਨ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ Component-2 (1st to 10th) (Unclean occupation) ਸਕੀਮ ਅਧੀਨ ਈ-ਪੰਜਾਬ ਪੋਰਟਲ ਖੋਲਣ ਸਬੰਧੀ।**

1.0 **Pre Matric scholarship scheme for SC students and others (Components -2) (1st to 10th) (Unclean occupation)** ਸਕੀਮ ਅਧੀਨ ਮਾਣਯੋਗ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਵਾਨਗੀ ਉਪਰੰਤ ਵਿਦਿਅਕ ਸ਼ੈਸਨ 2022-23 ਦੌਰਾਨ ਅਪਲਾਈ ਕਰਨ ਹਿੱਤ ਹੇਠਾਂ ਦਰਸਾਏ ਸ਼ਡਿਊਲ ਅਨੁਸਾਰ ਈ-ਪੰਜਾਬ ਪੋਰਟਲ ਖੋਲਿਆ ਜਾਂਦਾ ਹੈ:-

| | | |
|---|---|---|
| 1 | **Opening of Portal** | **1 March , 2023** |
| 2 | The last date of submission of online applications | 7 March, 2023 |
| 3 | The last date for the Schools to approve and forward online data to Districts | 9 March, 2023 |
| 5 | Districts to approve and forward online data to State | Upto 13 March, 2023 |

2.0 ਉਕਤ ਦਰਸਾਏ ਸ਼ਡਿਊਲ ਅਨੁਸਾਰ ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਯੋਗ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਗਾਈਡਲਾਈਨਜ਼ SSA ਵੈਬਸਾਈਟ ਤੇ ਉਪਲਬੱਧ ਹਨ।

3.0 ਇੱਕ ਸ਼ੈਸਨ ਦੌਰਾਨ ਵਿਦਿਆਰਥੀ ਇੱਕ ਹੀ ਵਜੀਫਾ ਸਕੀਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ। ਬੈਂਕ ਅਕਾਊਂਟ ਅਧਾਰ ਸੀਡਿਡ ਹੋਣਾ ਜਰੂਰੀ ਹੈ। ਅਧਾਰ ਨੰਬਰ ਦਰੁਸਤ ਭਰਨਾ ਯਕੀਨੀ ਬਣਾਇਆ ਜਾਵੇ। ਬੈਂਕ ਖਾਤੇ ਐਕਟਿਵ ਹੋਣੇ ਯਕੀਨੀ ਬਣਾਏ ਜਾਣ। ਮੋਬਾਇਲ ਨੰਬਰ, ਅਧਾਰ ਨੰਬਰ ਅਤੇ ਬੈਂਕ ਅਕਾਊਂਟ ਵਿੱਚ ਡੁਪਲੀਸਿਟੀ ਨਹੀਂ ਹੋਣੀ ਚਾਹੀਦੀ। **ਸਕੂਲ ਪੱਧਰ ਤੇ ਰਿਕਾਰਡ ਮੇਨਟੇਨ ਕਰਨਾ ਯਕੀਨੀ ਬਣਾਇਆ ਜਾਵੇ।**

4.0 ਵਿਸ਼ਾ ਅੰਕਿਤ ਸਕੀਮ ਅਧੀਨ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣ ਉਪਰੰਤ ਸਕੂਲ ਪੱਧਰ (ਇਨਸਟੀਚਿਊਟ ਨੋਡਲ ਅਫਸਰ )ਅਤੇ ਜਿਲ੍ਹਾ ਪੱਧਰ (ਸ਼ੈਕਸਨਿੰਗ ਅਥਾਰਟੀ) ਤੇ ਡਾਟਾ ਚੰਗੀ ਤਰ੍ਹਾਂ ਵੈਰੀਫਾਈ ਕਰਨ ਉਪਰੰਤ ਹੀ ਮੁੱਖ ਦਫਤਰ ਭੇਜਿਆ ਜਾਵੇ।

5.0 ਮਿੱਥੇ ਸਮੇਂ ਦੇ ਅੰਦਰ-ਅੰਦਰ ਜੇਕਰ ਕਿਸੇ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਸਮੇਂ ਸਿਰ ਅਪਲਾਈ ਨਹੀਂ ਕਰਵਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

01.03.2023
**ਸਹਾਇਕ ਡਾਇਰੈਕਟਰ (ਵਜੀਫਾ)**

**ਪਿੱਠ ਅੰਕਣ ਨੰ. ਉਕਤ** **ਮਿਤੀ ਉਕਤ**

**ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।**

1. ਡਿਪਟੀ ਮੈਨੇਜਰ ਐਮ. ਆਈ.ਐਸ.
2. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.)

ਸਹੀ
**ਸਹਾਇਕ ਡਾਇਰੈਕਟਰ (ਵਜੀਫਾ)**

Scanned by CamScanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ

ਪਿੱਠ ਅੰਕਣ ਨੰ: ਸੀ-5/17/2023/1101 ਮਿਤੀ: 01-03-2023

ਉਪਰੋਕਤ ਦਾ ਉਤਾਰਾ ਅਸਲ ਸਮੇਤ ਸੂਚੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਸੈਸ਼ਨ 2022-23 ਲਈ Pre-Matric ਸਕਾਲਰਸ਼ਿਪ ਫਾਰ SC ਅਤੇ others Component-2 (1st to 10th) Unclean Occupation ਅਧੀਨ ਆਨ ਲਾਈਨ ਪੋਰਟਲ ਮੁੜ ਤੋਂ Open ਹੋ ਗਿਆ ਹੈ। ਸਬੰਧਤ ਵਿਦਿਆਰਥੀਆਂ ਨੂੰ ਉਪਰੋਕਤ ਪੱਤਰ ਵਿੱਚ ਦਰਜ ਮਿਤੀ ਦੇ ਅੰਦਰ-2 ਅਪਲਾਈ ਕਰਵਾਇਆ ਜਾਵੇ। ਇਸ ਸਕੀਮ ਤਹਿਤ ਕਵਰਡ ਕੋਈ ਵੀ ਵਿਦਿਆਰਥੀ ਵਜ਼ੀਫੇ ਤੋਂ ਵਾਂਝਾ ਨਾ ਰਹਿ ਜਾਵੇ। ਜੇਕਰ ਕੋਈ ਵਿਦਿ: ਸਮੇਂ ਸਿਰ ਅਪਲਾਈ ਕਰਵਾਇਆ ਜਾਣ ਤੋਂ ਰਹਿੰਦਾ ਨਿਜੀ ਜਿੰਮੇਵਾਰੀ ਸਬੰਧਿਤ ਸਕੂਲ ਮੁਖੀ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫਸਰ (ਸੈ)
ਬਠਿੰਡਾ
1/3/23